# ਵਾਲੰਟੀਅਰ ਸ਼ਮੂਲੀਅਤ ਲਈ ਕੰਮ ਕਰਨ ਦੇ ਸਭ ਤੋਂ ਵਧੀਆ ਤਰੀਕੇ

## Best Practice for Volunteer Involvement

### ਗਾਈਡ / Guide

Punjabi | ਪੰਜਾਬੀ

**ਵਾਲੰਟੀਅਰਾਂ ਨੂੰ ਸ਼ਾਮਲ ਕਰਦੇ ਸਮੇਂ, ਕਿਸੇ ਸੰਸਥਾ ਨੂੰ ਇਹ ਪਛਾਣਨ ਦੀ ਲੋੜ ਹੁੰਦੀ ਹੈ ਕਿ ਉਹਨਾਂ ਦੀ ਸੇਵਾ ਦੇ ਕਿਹੜੇ ਹਿੱਸੇ ਨੂੰ ਵਾਲੰਟੀਅਰਾਂ ਦੁਆਰਾ ਅੱਗੇ ਵਧਾਇਆ ਜਾਣਾ ਹੈ। ਵਾਲੰਟੀਅਰਾਂ ਲਈ ਸਹੀ ਢਾਂਚਾ ਹੋਣਾ ਇੱਕ ਸਫ਼ਲ ਪ੍ਰੋਗਰਾਮ ਦੀ ਕੁੰਜੀ ਹੋ ਸਕਦਾ ਹੈ।**

ਅਗਲਾ ਕਦਮ ਇਹ ਵਿਚਾਰਨਾ ਹੈ ਕਿ ਕਿਸ ਕਿਸਮ ਦੀਆਂ ਭੂਮਿਕਾਵਾਂ ਦੀ ਲੋੜ ਹੈ ਅਤੇ ਇਨ੍ਹਾਂ ਭੂਮਿਕਾਵਾਂ ਵਿੱਚ ਅਸਲ ਵਿੱਚ ਕੀ-ਕੀ ਸ਼ਾਮਲ ਹੋਵੇਗਾ। ਸਪੱਸ਼ਟ ਮਾਰਗਦਰਸ਼ਨ ਅਤੇ ਸਹਾਇਤਾ ਦੇ ਨਾਲ-ਨਾਲ, ਵਾਲੰਟੀਅਰਾਂ ਲਈ ਸੰਤੁਸ਼ਟੀਪੂਰਨ ਅਤੇ ਲਾਭਦਾਇਕ ਭੂਮਿਕਾਵਾਂ ਪ੍ਰਦਾਨ ਕਰਨ ਦਾ ਟੀਚਾ ਰੱਖਣਾ ਮਹੱਤਵਪੂਰਨ ਹੈ।

ਵਾਲੰਟੀਅਰ ਵਜੋਂ ਕੰਮ ਕਰਨਾ ਇੱਕ ਦੋ-ਪੱਖੀ ਮੌਕਾ ਹੈ। ਵਾਲੰਟੀਅਰ ਸੰਸਥਾ ਵਿੱਚ ਮਹੱਤਵਪੂਰਨ ਲਾਭ ਲਿਆਉਂਦੇ ਹਨ ਜਿਵੇਂ ਕਿ ਸਮਾਂ, ਹੁਨਰ ਅਤੇ ਅਨੁਭਵ। ਵਾਲੰਟੀਅਰ ਸ਼ਮੂਲੀਅਤ ਸੰਸਥਾਵਾਂ **ਦੇ** ਉਦੇਸ਼ਾਂ ਅਤੇ ਟੀਚਿਆਂ ਨੂੰ ਪੂਰਾ ਕਰਨ ਦੀ ਸਮਰੱਥਾ ਵਿੱਚ ਯੋਗਦਾਨ ਪਾ ਸਕਦੀ ਹੈ, ਨਾਲ ਹੀ ਨਾਲ ਭਾਈਚਾਰੇ ਵਿੱਚ ਤੁਹਾਡੀ ਸੰਸਥਾ ਦੀ ਸਾਖ਼ ਵਿੱਚ ਵੀ ਸੁਧਾਰ ਕਰ ਸਕਦੀ ਹੈ। ਵਾਲੰਟੀਅਰ ਉਹਨਾਂ ਭੂਮਿਕਾਵਾਂ ਵਿੱਚ ਪ੍ਰਫੁੱਲਿਤ ਹੋਣਗੇ ਜੋ ਉਹਨਾਂ ਦੀਆਂ ਲੋੜਾਂ ਅਤੇ ਰੁਚੀਆਂ ਨਾਲ ਮੇਲ ਖਾਂਦੀਆਂ ਹਨ। ਇਹਨਾਂ ਨੁਕਤਿਆਂ 'ਤੇ ਵਿਚਾਰ ਕਰਨ ਨਾਲ ਵਾਲੰਟੀਅਰ ਲਈ ਇੱਕ ਸਾਰਥਕ ਮਾਹੌਲ ਪ੍ਰਦਾਨ ਕਰਨ ਵਿੱਚ ਮਦਦ ਮਿਲੇਗੀ।

## ਵਾਲੰਟੀਅਰ ਸ਼ਮੂਲੀਅਤ ਲਈ ਰਾਸ਼ਟਰੀ ਮਿਆਰ

**ਤੁਹਾਨੂੰ ਇਹ ਸਫ਼ਰ ਇਕੱਲੇ ਤੈਅ ਕਰਨ ਦੀ ਲੋੜ ਨਹੀਂ ਹੈ।** **National Standards for Volunteer Involvement** (ਵਾਲੰਟੀਅਰ ਸ਼ਮੂਲੀਅਤ ਲਈ ਰਾਸ਼ਟਰੀ ਮਿਆਰ) (ਇਹ ਰਾਸ਼ਟਰੀ ਮਿਆਰ) ਵਾਲੰਟੀਅਰਾਂ ਦੀ ਸ਼ਮੂਲੀਅਤ ਲਈ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਬੇਹਤਰੀਨ ਅਭਿਆਸ **ਢਾਂਚੇ** (ਫਰੇਮਵਰਕ) ਹਨ। ਉਹ ਉਨ੍ਹਾਂ ਸਾਰੀਆਂ ਸੰਸਥਾਵਾਂ ਅਤੇ ਸਮੂਹਾਂ ਲਈ ਇੱਕ ਮਦਦਗਾਰ ਸਰੋਤ ਹਨ ਜੋ ਵਾਲੰਟੀਅਰਾਂ ਨੂੰ ਸ਼ਾਮਲ ਕਰਦੇ ਹਨ।

### ਰਾਸ਼ਟਰੀ ਮਿਆਰ ਕੀ ਹਨ?

ਰਾਸ਼ਟਰੀ ਮਿਆਰ ਸਭ ਤੋਂ ਪਹਿਲਾਂ Volunteering Victoria ਦੁਆਰਾ ਸਥਾਪਿਤ ਕੀਤੇ ਗਏ ਸਨ। 1997 ਵਿੱਚ ਉਨ੍ਹਾਂ ਨੂੰ Volunteering Victoria ਦੁਆਰਾ ਪੂਰੇ ਆਸਟ੍ਰੇਲੀਆ ਭਰ ਵਿਚਲੀਆਂ Volunteer-involving Organisations (ਵਾਲੰਟੀਅਰਾਂ ਨੂੰ ਸ਼ਾਮਲ ਕਰਨ ਵਾਲੀਆਂ ਸੰਸਥਾਵਾਂ) (VIOs) ਅਤੇ ਵਾਲੰਟੀਅਰਾਂ ਦੇ ਯੋਗਦਾਨ ਨਾਲ ਸੋਧਿਆ ਅਤੇ ਇਕੱਤਰ ਕੀਤਾ ਗਿਆ ਸੀ। ਸੈਕਟਰ-ਵਿਆਪੀ ਸਲਾਹ-ਮਸ਼ਵਰੇ ਤੋਂ ਬਾਅਦ, ਇਨ੍ਹਾਂ ਰਾਸ਼ਟਰੀ ਮਿਆਰਾਂ ਨੂੰ 2024 ਵਿੱਚ ਨਵਿਆਇਆ ਗਿਆ ਸੀ। ਇੱਥੇ ਕਈ ਕਿਸਮ ਦੀ ਸਹਾਇਕ ਜਾਣਕਾਰੀ ਵੀ ਉਪਲਬਧ ਹੈ ਜੋ ਵਧੇਰੇ ਮਾਰਗਦਰਸ਼ਨ ਪ੍ਰਦਾਨ ਕਰੇਗੀ।

ਇਹ ਰਾਸ਼ਟਰੀ ਮਿਆਰ ਪਾਲਣ ਕਰਨ ਵਿੱਚ ਆਸਾਨ ਹਨ ਅਤੇ ਵਾਲੰਟੀਅਰ ਵਜੋਂ ਕੰਮ ਕਰਨ ਦੇ ਵੱਖ-ਵੱਖ ਰੂਪਾਂ ਲਈ ਢੁੱਕਵੇਂ ਹਨ। ਇਹ ਵਾਲੰਟੀਅਰਾਂ ਦੇ ਅਨੁਭਵ ਨੂੰ ਬਿਹਤਰ ਬਣਾਉਣ ਵਿੱਚ ਮੱਦਦ ਕਰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਵਾਲੰਟੀਅਰਾਂ ਦੀ ਭਲਾਈ ਨੂੰ ਸਮਰਥਨ ਦਿੱਤਾ ਜਾਂਦਾ ਹੈ, ਅਤੇ ਉਹਨਾਂ ਦੇ ਯੋਗਦਾਨ ਦੀ ਕਦਰ ਕੀਤੀ ਜਾਂਦੀ ਹੈ।

ਇਹ ਰਾਸ਼ਟਰੀ ਮਿਆਰ ਵਾਲੰਟੀਅਰ ਸ਼ਮੂਲੀਅਤ ਦੇ ਪ੍ਰਭਾਵਸ਼ਾਲੀ ਹੋਣ ਲਈ ਅੱਠ ਮੁੱਖ ਖੇਤਰਾਂ ਨੂੰ ਉਜਾਗਰ ਕਰਦੇ ਹਨ:

1. **ਵਾਲੰਟੀਅਰ ਵਜੋਂ ਕੰਮ ਕਰਨਾ ਲੀਡਰਸ਼ਿਪ, ਪ੍ਰਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਹੈ।**
   » ਵਾਲੰਟੀਅਰ ਕਰਨ ਵਾਲੇ ਆਗੂਆਂ ਦਾ ਸਮਰਥਨ ਕੀਤਾ ਜਾਂਦਾ ਹੈ ਅਤੇ ਸਪੱਸ਼ਟ ਜ਼ਿੰਮੇਵਾਰੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਵਾਲੰਟੀਅਰਾਂ ਦੀ ਭਾਗੀਦਾਰੀ ਦਾ ਸਮਰਥਨ ਕਰਨ ਲਈ ਪ੍ਰਭਾਵਸ਼ਾਲੀ ਪ੍ਰਣਾਲੀਆਂ, ਨੀਤੀਆਂ ਅਤੇ ਪ੍ਰਕਿਰਿਆਵਾਂ ਵਿਕਸਿਤ ਅਤੇ ਲਾਗੂ ਕੀਤੀਆਂ ਜਾਂਦੀਆਂ ਹਨ।

2. **ਵਾਲੰਟੀਅਰ ਭਾਗੀਦਾਰੀ ਨੂੰ ਸਮਰਥਨ ਦਿੱਤਾ ਅਤੇ ਮਿਸਾਲ ਬਣਾਇਆ ਗਿਆ ਹੈ।**
   » ਵਾਲੰਟੀਅਰ ਭਾਗੀਦਾਰੀ ਸੰਸਥਾ ਦੇ ਦ੍ਰਿਸ਼ਟੀਕੋਣ, ਉਦੇਸ਼, ਟੀਚਿਆਂ ਅਤੇ ਉਦੇਸ਼ਾਂ ਦਾ ਹਿੱਸਾ ਹੈ ਅਤੇ ਇਹ ਵਾਲੰਟੀਅਰ ਸ਼ਮੂਲੀਅਤ ਦੁਆਰਾ ਵਿਕਸਿਤ ਕੀਤੀ ਜਾਂਦੀ ਹੈ। ਵਾਲੰਟੀਅਰਾਂ ਦੀ ਸ਼ਮੂਲੀਅਤ ਲਈ ਵਾਲੰਟੀਅਰ ਪ੍ਰਬੰਧਨ ਅਤੇ ਵਸੀਲਿਆਂ ਨੂੰ ਢੁੱਕਵੇਂ ਤਰੀਕੇ ਨਾਲ ਵੰਡਿਆ ਜਾਂਦਾ ਹੈ।

3. **ਵਾਲੰਟੀਅਰ ਭੂਮਿਕਾਵਾਂ ਅਰਥਪੂਰਨ ਅਤੇ ਲੋੜ ਅਨੁਸਾਰ ਢਾਲੀਆਂ ਗਈਆਂ ਹੁੰਦੀਆਂ ਹਨ।**
   » ਵਾਲੰਟੀਅਰ ਅਰਥਪੂਰਨ ਭੂਮਿਕਾਵਾਂ ਵਿੱਚ ਲੱਗੇ ਹੋਏ ਹੁੰਦੇ ਹਨ ਜੋ ਸੰਸਥਾ ਜਾਂ ਕਲੱਬ ਦੇ ਉਦੇਸ਼ ਵਿੱਚ ਯੋਗਦਾਨ ਪਾਉਂਦੇ ਹਨ। ਭੂਮਿਕਾਵਾਂ ਨੂੰ ਵਾਲੰਟੀਅਰਾਂ ਦੀਆਂ ਜ਼ਰੂਰਤਾਂ ਅਤੇ ਰੁਚੀਆਂ ਨੂੰ ਧਿਆਨ ਵਿੱਚ ਰੱਖ ਕੇ ਅਤੇ ਉਹਨਾਂ ਨਾਲ ਗੱਲਬਾਤ ਕਰਕੇ ਤਿਆਰ ਕੀਤਾ ਜਾਂਦਾ ਹੈ। ਭੂਮਿਕਾਵਾਂ ਦੀ ਸਮੀਖਿਆ ਵਾਲੰਟੀਅਰਾਂ ਨਾਲ ਉਹਨਾਂ ਦੇ ਅਨੁਭਵ ਬਾਰੇ ਗੱਲਬਾਤ ਕਰਨ ਰਾਹੀਂ ਕੀਤੀ ਜਾਂਦੀ ਹੈ।

4. **ਭਰਤੀ ਪ੍ਰਕਿਰਿਆ ਨਿਰਪੱਖ ਹੁੰਦੀ ਹੈ ਅਤੇ ਵਿਭਿੰਨਤਾ ਦੀ ਕਦਰ ਕੀਤੀ ਜਾਂਦੀ ਹੈ।**
   » ਵਾਲੰਟੀਅਰਾਂ ਦੀ ਭਰਤੀ ਅਤੇ ਚੋਣ ਰਣਨੀਤੀਆਂ ਸੰਬੰਧਿਤ ਰੁਚੀਆਂ, ਗਿਆਨ ਅਤੇ ਹੁਨਰ ਵਾਲੇ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਤਿਆਰ ਕੀਤੀਆਂ ਜਾਂਦੀਆਂ ਹਨ। ਚੋਣ ਪ੍ਰਕਿਰਿਆ ਭੇਦਭਾਵ-ਵਿਰੋਧੀ ਕਾਨੂੰਨ ਦੇ ਨਾਲ ਇਕਸੁਰ ਹੁੰਦੀ ਹੈ। ਛਾਣਬੀਣ (ਸਕ੍ਰੀਨਿੰਗ) ਦੀਆਂ ਪ੍ਰਕਿਰਿਆਵਾਂ ਕਾਨੂੰਨੀ ਲੋੜਾਂ ਅਤੇ ਨਿਯਮਾਂ ਦੇ ਅਨੁਸਾਰ ਸੇਵਾ ਪ੍ਰਾਪਤਕਰਤਾਵਾਂ, ਕਰਮਚਾਰੀਆਂ ਅਤੇ ਵਾਲੰਟੀਅਰਾਂ ਦੀ ਸੁਰੱਖਿਆ ਅਤੇ ਸਕਿਉਰਿਟੀ ਨੂੰ ਬਣਾਈ ਰੱਖਦੀਆਂ ਹਨ।

5. **ਵਾਲੰਟੀਅਰਾਂ ਦਾ ਸਮਰਥਨ ਅਤੇ ਵਿਕਾਸ ਕੀਤਾ ਜਾਂਦਾ ਹੈ।**
   » ਇੰਡਕਸ਼ਨ, ਸਿਖਲਾਈ ਅਤੇ ਨਿਗਰਾਨੀ ਪ੍ਰਦਾਨ ਕਰਨਾ ਵਾਲੰਟੀਅਰਾਂ ਨੂੰ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹਿੱਸਾ ਲੈਣ ਵਿੱਚ ਸਹਾਇਤਾ ਕਰਦਾ ਹੈ। ਵਾਲੰਟੀਅਰ ਆਪਣੀਆਂ ਭੂਮਿਕਾਵਾਂ ਨੂੰ ਸਮਝਦੇ ਹਨ ਅਤੇ ਭਾਗ ਲੈਣ ਲਈ ਲੋੜੀਂਦੇ ਗਿਆਨ, ਹੁਨਰ ਅਤੇ ਫੀਡਬੈਕ ਪ੍ਰਾਪਤ ਕਰਦੇ ਹਨ।

6. **ਵਾਲੰਟੀਅਰਾਂ ਦੀ ਸੁਰੱਖਿਆ ਅਤੇ ਭਲਾਈ ਦੀ ਸੁਰੱਖਿਆ ਕੀਤੀ ਜਾਂਦੀ ਹੈ।**
   » ਵਾਲੰਟੀਅਰ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ। ਵਾਲੰਟੀਅਰਾਂ ਦੀ ਸਿਹਤ, ਸੁਰੱਖਿਆ ਅਤੇ ਭਲਾਈ ਦੀ ਸੁਰੱਖਿਆ ਲਈ ਪ੍ਰਕਿਰਿਆਵਾਂ ਲਾਗੂ ਹਨ, ਜਿਸ ਵਿੱਚ ਢੁੱਕਵੇਂ ਬੀਮੇ ਹੋਣੇ ਵੀ ਸ਼ਾਮਲ ਹਨ। ਵਾਲੰਟੀਅਰ ਸ਼ਿਕਾਇਤਾਂ ਕਰਨ ਦੀ ਪ੍ਰਕਿਰਿਆ ਨੂੰ ਸਮਝਦੇ ਹਨ ਅਤੇ ਉਹਨਾਂ ਤੱਕ ਪਹੁੰਚ ਰੱਖਦੇ ਹਨ।

7. **ਵਾਲੰਟੀਅਰਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ।**
   » ਵਾਲੰਟੀਅਰਾਂ ਦੇ ਯੋਗਦਾਨ, ਕਦਰ ਅਤੇ ਪ੍ਰਭਾਵ ਨੂੰ ਸਮਝਿਆ, ਪ੍ਰਸ਼ੰਸਾ ਕੀਤੀ ਅਤੇ ਸਵੀਕਾਰ ਕੀਤਾ ਜਾਂਦਾ ਹੈ। ਵਾਲੰਟੀਅਰ ਦੀ ਮਾਨਤਾ ਵਾਲੰਟੀਅਰ ਲਈ ਢੁੱਕਵੀਂ ਹੈ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਨਜ਼ਰੀਆਂ ਦਾ ਸਤਿਕਾਰ ਕਰਦੀ ਹੈ।

8. **ਨੀਤੀਆਂ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚ ਲਗਾਤਾਰ ਸੁਧਾਰ ਕੀਤਾ ਜਾ ਰਿਹਾ ਹੈ।**
   » ਵਾਲੰਟੀਅਰਾਂ ਦੀ ਸ਼ਮੂਲੀਅਤ ਦੇ ਸਾਰੇ ਪਹਿਲੂਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੇਧ ਦੇਣ ਲਈ ਨੀਤੀਆਂ ਅਤੇ ਪ੍ਰਕਿਰਿਆਵਾਂ ਤਿਆਰ ਕੀਤੀਆਂ ਅਤੇ ਲਾਗੂ ਕੀਤੀਆਂ ਗਈਆਂ ਹਨ। ਵਾਲੰਟੀਅਰਾਂ ਲਈ ਆਪਣੇ ਅਨੁਭਵ ਅਤੇ ਸੰਸਥਾ ਦੇ ਕੰਮ ਨਾਲ ਸੰਬੰਧਿਤ ਖੇਤਰਾਂ ਬਾਰੇ ਫੀਡਬੈਕ ਪ੍ਰਦਾਨ ਕਰਨ ਦੇ ਮੌਕੇ ਉਪਲਬਧ ਹਨ।

ਇਹ ਰਾਸ਼ਟਰੀ ਮਿਆਰ ਪਾਲਣਾ ਕਰਨੇ ਲਾਜ਼ਮੀ ਨਹੀਂ ਹਨ। ਇਸ ਦੀ ਬਜਾਏ, ਇਹ ਵਾਲੰਟੀਅਰ ਪ੍ਰੋਗਰਾਮ ਦੀ ਯੋਜਨਾਬੰਦੀ, ਸਥਾਪਨਾ, ਜਾਂ ਸੁਧਾਰ ਕਰਨ ਵਿੱਚ ਸਹਾਇਤਾ ਲਈ ਇੱਕ ਢਾਂਚਾ ਪ੍ਰਦਾਨ ਕਰਕੇ ਸੰਸਥਾਵਾਂ ਨੂੰ ਸੂਚਿਤ ਕਰਨ ਵਿੱਚ ਮੱਦਦ ਕਰਦੇ ਹਨ। ਰਾਸ਼ਟਰੀ ਮਿਆਰਾਂ ਪ੍ਰਤੀ ਬੈਂਚਮਾਰਕਿੰਗ (ਤੁਲਨਾ ਕਰਨ ਦਾ ਮਿਆਰ) ਉਸ ਸੰਸਥਾ ਅਤੇ ਵਾਲੰਟੀਅਰਾਂ ਦੋਵਾਂ ਨੂੰ ਬਹੁਤ ਲਾਭ ਪਹੁੰਚਾ ਸਕਦੀ ਹੈ।

## ਆਪਣਾ ਸਿਰ ਉੱਪਰ ਚੁੱਕੋ

ਬਹੁਤ ਸਾਰੇ ਲੋਕ ਜੋ ਵਾਲੰਟੀਅਰ ਪ੍ਰੋਗਰਾਮਾਂ ਨੂੰ ਚਲਾਉਂਦੇ ਹਨ, ਉਹ ਅਜਿਹਾ ਇਕੱਲੇਪਨ ਵਿੱਚ ਕਰਦੇ ਹਨ, ਜਿੱਥੇ ਉਨ੍ਹਾਂ ਕੋਲ ਆਸਪਾਸ ਦੇਖ ਸਕਣ ਅਤੇ ਜਾਣ ਸਕਣ ਦੇ ਘੱਟ ਮੌਕੇ ਹੁੰਦੇ ਹਨ ਕਿ ਹੋਰ ਲੋਕ ਇਹ ਕਿਵੇਂ ਕਰ ਰਹੇ ਹਨ। ਇਹ ਰਾਸ਼ਟਰੀ ਮਿਆਰ ਅਜਿਹਾ ਕਰਨ ਦਾ ਇੱਕ ਢਾਂਚਾਗਤ ਤਰੀਕਾ ਪ੍ਰਦਾਨ ਕਰਦੇ ਹਨ - ਭਾਵੇਂ ਤੁਸੀਂ ਕੋਈ ਨਵਾਂ ਪ੍ਰੋਗਰਾਮ ਸਥਾਪਿਤ ਕਰ ਰਹੇ ਹੋ ਜਾਂ ਕਿਸੇ ਮੌਜੂਦਾ ਪ੍ਰੋਗਰਾਮ ਦਾ ਮੁਲਾਂਕਣ ਕਰ ਰਹੇ ਹੋ।

ਇਹ ਰਾਸ਼ਟਰੀ ਮਿਆਰ ਤੁਹਾਨੂੰ ਵਾਲੰਟੀਅਰਾਂ ਨਾਲ ਕੰਮ ਕਰਨ ਜਾਂ ਤੁਹਾਡੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ ਮੌਜੂਦ ਹੋਣ ਵਾਲੀਆਂ ਅਹਿਮ ਕਮੀਆਂ ਦੀ ਪਛਾਣ ਕਰਨ ਲਈ ਨਵੇਂ ਵਿਚਾਰ ਦੇ ਸਕਦੇ ਹਨ। ਇਹ ਪ੍ਰਸ਼ਾਸਨਿਕ ਪ੍ਰਣਾਲੀਆਂ ਨੂੰ ਸੁਚਾਰੂ ਬਣਾ ਕੇ, ਲੰਬੇ ਸਮੇਂ ਲਈ ਤੁਹਾਡਾ ਸਮਾਂ ਅਤੇ ਮਿਹਨਤ ਵੀ ਬਚਾ ਸਕਦੇ ਹਨ। ਟੀਮ ਨੂੰ ਰਾਸ਼ਟਰੀ ਮਿਆਰਾਂ ਨੂੰ ਲਾਗੂ ਕਰਨ ਦੇ ਟੀਚੇ ਵਿੱਚ ਸ਼ਾਮਲ ਕਰਨਾ ਲਾਭਦਾਇਕ ਅਤੇ ਪ੍ਰੇਰਣਾਦਾਇਕ ਹੋ ਸਕਦਾ ਹੈ।

ਤੁਹਾਡੀ ਸੰਸਥਾ ਵਿੱਚ ਵਾਲੰਟੀਅਰ ਵਜੋਂ ਕੰਮ ਕਰਨ ਦਾ ਦਰਜਾ ਰਾਸ਼ਟਰੀ ਮਿਆਰਾਂ ਦੁਆਰਾ ਦਰਸਾਈ ਸਮੂਹਿਕ ਅਤੇ ਰਾਸ਼ਟਰੀ ਮਾਨਤਾ ਪ੍ਰਾਪਤ ਪਹੁੰਚ ਤੋਂ ਲਾਭ ਪ੍ਰਾਪਤ ਕਰਦਾ ਹੈ। ਇਸੇ ਤਰ੍ਹਾਂ, ਵਾਲੰਟੀਅਰਾਂ ਨੂੰ ਸ਼ਾਮਲ ਕਰਨ ਵਾਲੀਆਂ ਸੰਸਥਾਵਾਂ ਨੂੰ ਜਨਤਕ ਮਾਨਤਾ ਤੋਂ ਲਾਭ ਹੁੰਦਾ ਹੈ ਜੋ ਕਿ ਵਾਲੰਟੀਅਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜੋੜਨ, ਸਮਰਥਨ ਕਰਨ ਅਤੇ ਸ਼ਕਤੀਕਰਨ ਕਰਨ ਲਈ ਲੋੜੀਂਦੀ ਪੇਸ਼ੇਵਰਤਾ, ਸੰਸਥਾ, ਅਤੇ ਯਤਨਾਂ ਨੂੰ ਦਰਸਾਉਂਦਾ ਹੈ।

## ਉਹਨਾਂ ਨੂੰ ਤੁਹਾਡੇ ਲਈ ਕਾਰਗਰ ਬਣਾਓ

ਇਹ ਰਾਸ਼ਟਰੀ ਮਿਆਰ ਵਿਸਥਾਰ ਵਿੱਚ ਹਨ ਅਤੇ ਵੱਖ-ਵੱਖ ਕਿਸਮਾਂ ਦੀਆਂ ਸੰਸਥਾਵਾਂ ਅਤੇ ਪ੍ਰੋਗਰਾਮਾਂ ਲਈ ਉਪਯੋਗੀ ਹੋਣ ਲਈ ਤਿਆਰ ਕੀਤੇ ਗਏ ਹਨ।

ਜਦੋਂ ਕਿ ਕੁੱਝ ਸੰਸਥਾਵਾਂ ਸਾਰੇ ਰਾਸ਼ਟਰੀ ਮਿਆਰਾਂ ਰਾਹੀਂ ਕੰਮ ਕਰਨ ਦੀ ਚੋਣ ਕਰਦੀਆਂ ਹਨ, ਤੁਸੀਂ ਉਹਨਾਂ ਖੇਤਰਾਂ ਦੀ ਪਛਾਣ ਕਰਨਾ ਚਾਹ ਸਕਦੇ ਹੋ ਜੋ ਇਸ ਸਮੇਂ ਤੁਹਾਡੇ ਪ੍ਰੋਗਰਾਮ ਲਈ ਸਭ ਤੋਂ ਵੱਧ ਢੁੱਕਵੇਂ ਅਤੇ ਮਹੱਤਵਪੂਰਨ ਹਨ ਅਤੇ ਉਹਨਾਂ 'ਤੇ ਧਿਆਨ-ਕੇਂਦਰਿਤ ਕਰਨਾ ਚਾਹ ਸਕਦੇ ਹੋ।

## ਹੋਰ ਜਾਣਕਾਰੀ

ਵਾਲੰਟੀਅਰ ਕੰਮ ਕਰਨ ਲਈ ਵਿਕਟੋਰੀਆ ਦੀ ਪੀਕ ਬਾਡੀ ਹੋਣ ਦੇ ਨਾਤੇ, ਤੁਸੀਂ ਹਮੇਸ਼ਾ ਭਰੋਸੇਯੋਗ ਸਰੋਤਾਂ ਅਤੇ ਸਲਾਹ ਲਈ ਸਾਡੇ ਕੋਲ ਆ ਸਕਦੇ ਹੋ। *ਵਾਲੰਟੀਅਰ ਸ਼ਮੂਲੀਅਤ ਲਈ ਕੰਮ ਕਰਨ ਦੇ ਸਭ ਤੋਂ ਵਧੀਆ ਤਰੀਕੇ* ਦੀ ਤੁਹਾਡੀ ਸਮਝ ਨੂੰ ਜਾਰੀ ਰੱਖਣ ਲਈ ਹੇਠਾਂ ਕੁੱਝ ਮਦਦਗਾਰ ਲਿੰਕ ਅਤੇ ਸਰੋਤ ਦਿੱਤੇ ਗਏ ਹਨ।

- Volunteering Victoria website ਸਮੇਂ ਸਿਰ ਅਤੇ ਭਰੋਸੇਮੰਦ ਸਹਾਇਤਾ, ਸਿਖਲਾਈ, ਸਰੋਤਾਂ ਅਤੇ ਮਾਹਰ ਸਲਾਹ ਦੇ ਨਾਲ, ਵਾਲੰਟੀਅਰ ਕਰਨ ਵਾਲੀਆਂ ਸਾਰੀਆਂ ਚੀਜ਼ਾਂ ਲਈ ਤੁਹਾਡਾ ਸਭ ਕੁਝ ਲਈ ਜਾਣਨ ਦਾ ਸਥਾਨ ਹੈ।

### ਜੋ ਤੁਸੀਂ ਲੱਭ ਰਹੇ ਹੋ ਉਹ ਨਹੀਂ ਲੱਭ ਪਾ ਰਹੇ?

ਆਪਣੇ ਸਵਾਲਾਂ ਲਈ ਕਿਸੇ ਵੀ ਸਮੇਂ Volunteering Victoria ਦੀ ਟੀਮ ਨਾਲ info@volunteeringvictoria.org.au 'ਤੇ ਸੰਪਰਕ ਕਰੋ।

**Volunteering Victoria ਦੀ ਵੈੱਬਸਾਈਟ**

ਮੋਹਰੀ ਵਾਲੰਟੀਅਰਾਂ ਲਈ ਗਾਈਡਾਂ

ਵਾਲੰਟੀਅਰ ਸ਼ਮੂਲੀਅਤ ਲਈ ਰਾਸ਼ਟਰੀ ਮਿਆਰ

ਸਿਖਲਾਈ ਅਤੇ ਵਰਕਸ਼ਾਪਾਂ (*ਕੁੱਝ* ***ਮੁਫ਼ਤ ਵਿੱਚ*** *ਪੇਸ਼ ਕੀਤੇ ਜਾਂਦੇ ਹਨ*)

ਵਾਲੰਟੀਅਰ ਮੈਨੇਜਰਾਂ ਲਈ ਰਾਸ਼ਟਰੀ ਗਿਆਨ ਅਧਾਰ

'ਰਾਸ਼ਟਰੀ ਗਿਆਨ ਅਧਾਰ': ਨੀਤੀਆਂ ਅਤੇ ਕਾਰਜ-ਵਿਧੀਆਂ ਬਣਾਉਣਾ

ਸੰਚਾਲਨ ਦੀਆਂ ਕਹਾਣੀਆਂ (Volunteering Queensland)

© Volunteering Victoria 2024. ਜੂਨ 2024 (ਸੰਸਕਰਣ 2) ਦੀ ਸਮੀਖਿਆ ਕੀਤੀ ਗਈ। Volunteering Victoria ਵਾਲੰਟੀਅਰ ਕੰਮਾਂ ਲਈ ਰਾਜ ਦੀ ਪੀਕ ਬਾਡੀ ਹੈ। ABN 79 378 017 212
ਇਹ ਲੇਖ ਸਿਰਫ਼ ਆਮ ਜਾਣਕਾਰੀ ਹੈ, ਕਾਨੂੰਨੀ ਸਲਾਹ ਨਹੀਂ ਹੈ। ਜੇਕਰ ਤੁਸੀਂ ਪੂਰੀ ਪੱਕੀ ਤਰ੍ਹਾਂ ਯਕੀਨੀ ਨਹੀਂ ਹੋ, ਤਾਂ ਹਮੇਸ਼ਾ ਆਪਣੀਆਂ ਲੋੜਾਂ ਦੇ ਸੰਬੰਧ ਵਿੱਚ ਕਿਸੇ ਕਾਨੂੰਨੀ ਪੇਸ਼ੇਵਰ ਨਾਲ ਸਲਾਹ ਕਰੋ। ਕਾਨੂੰਨੀ ਸਲਾਹ ਪ੍ਰਾਪਤ ਕਰਨ ਲਈ ਮਾਰਗਦਰਸ਼ਨ ਲੈਣ ਲਈ, Justice Connect - nfplaw.org.au 'ਤੇ ਜਾਓ।

ਇਸ ਸਰੋਤ ਦਾ ਅਨੁਵਾਦ Polaron Language Service ਦੁਆਰਾ ਕੀਤਾ ਗਿਆ ਹੈ। ਤੁਸੀਂ ਆਪਣਾ ਫੀਡਬੈਕ https://feedbacknow.services/ 'ਤੇ ਸਾਂਝਾ ਕਰ ਸਕਦੇ ਹੋ।